**ਦਫਤਰ:- ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ, ਐਸ.ਏ.ਐਸ.**

**(ਅਮਲਾ-1 ਸ਼ਾਖਾ)**

ਹੁਕਮ ਨੰਬਰ:-04/116-2018-ਅਮਲਾ-1(1)
ਮਿਤੀ ਐਸ.ਏ.ਐਸ. ਨਗਰ:-22/11/2018

ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਨੇ ਸੈਂਟਰ ਹੈੱਡ ਟੀਚਰਾਂ ਤੋਂ ਬਲਾਕ ਪ੍ਰਾਇਮਰੀ ਸਿਖਿਆ ਅਫਸਰਾਂ ਦੀਆਂ ਅਸਾਮੀਆਂ ਵਿਰੁੱਧ ਤਰੱਕੀ ਕਰਨ ਲਈ ਸੈਂਟਰ ਹੈੱਡ ਟੀਚਰਾਂ ਦੀ ਸੀਨੀਆਰਤਾ ਸੂਚੀ ਮਿਤੀ 01/05/2018 ਦੇ ਅਧਾਰ ਤੇ (ਇਸਤਰੀ ਅਤੇ ਪੁਰਸ਼) ਇਕੱਠੇ) ਮਿਤੀ 21/11/2008 ਤੋਂ 21/04/2018 (ਤੱਕ ਦੇ ਕੰਮ ਕਰਦੇ ਸੈਂਟਰ ਹੈੱਡ ਟੀਚਰਾਂ ਦੀ) ਮਿਤੀ 25/07/2018 ਨੂੰ ਤਿਆਰ ਕਰਕੇ ਮੁੱਖ ਦਫਤਰ ਨੂੰ ਪੇਸ਼ ਕੀਤੀ ਗਈ ਸੀ।

ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਵਲੋਂ ਪੇਸ਼ ਕੀਤੀ ਗਈ ਸੈਂਟਰ ਹੈੱਡ ਟੀਚਰਾਂ ਦੀ ਸੀਨੀਆਰਤਾ ਸੂਚੀ ਅਨੁਸਾਰ ਸ਼੍ਰੀ ਗਿਆਨ ਚੰਦ, ਸੈਂਟਰ ਹੈੱਡ ਟੀਚਰ, ਸ:ਐ:ਸ: ਮਾਣਕ ਰਾਏ, ਬਲਾਕ ਅਲਾਵਲਪੁਰ (ਜਲੰਧਰ) ਦੀ ਸੈਂਟਰ ਹੈੱਡ ਟੀਚਰ ਦੀ ਅਸਾਮੀ ਤੇ ਹਾਜਰ ਹੋਣ ਦੀ ਮਿਤੀ 17/4/2015 ਦਰਜ ਕੀਤੀ ਗਈ ਜਿਸ ਦੇ ਸੰਨਮੁੱਖ ਉਸ ਨੂੰ ਸੈਂਟਰ ਹੈੱਡ ਟੀਚਰ ਦੀ ਸੀਨੀਆਰਤਾ ਨੰਬਰ:- 03 ਅਲਾਟ ਕੀਤਾ ਗਿਆ । ਜਿਸ ਦੇ ਅਧਾਰ ਤੇ ਇਸ ਕਰਮਚਾਰੀ ਦੀ ਪਦ ਉੱਨਤੀ ਬਤੌਰ ਬਲਾਕ ਪ੍ਰਾਇਮਰੀ ਸਿਖਿਆ ਅਫਸਰ ਦੀ ਅਸਾਮੀ ਵਿਰੁੱਧ ਅਨੁਸੂਚਿਤ ਜਾਤੀ ਵਰਗ ਦੇ ਕਰਮਚਾਰੀਆਂ ਦੇ ਬੈਕਲਾਗ ਦੀ ਬਣਦੀ ਅਸਾਮੀ ਵਿਰੁੱਧ ਹੁਕਮ ਨੰਬਰ:-ਪ/ਫ-24/190- 2015-ਅਮਲਾ-1(1)9336 ਮਿਤੀ 15/10/2018 ਨੂੰ ਜਾਰੀ ਕੀਤੇ ਗਏ ਪਦ-ਉੱਨਤੀਆਂ ਦੇ ਹੁਕਮਾਂ ਵਿਚ ਲੜੀ ਨੰਬਰ:-5 ਅਨੁਸਾਰ ਕੀਤੀ ਗਈ। ਤਰੱਕੀ ਦੇ ਹੁਕਮਾਂ ਵਿਚ ਲਗਾਈ ਗਈਆਂ ਸ਼ਰਤਾਂ ਦੇ ਸੰਨਮੁੱਖ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਵਲੋਂ ਇਸ ਕਰਮਚਾਰੀ ਦੇ ਦਸਤਾਵੇਜ ਚੈੱਕ ਕਰਨ ਉਪਰੰਤ ਹੁਕਮ ਨੰਬਰ:-ਅ-3/2018/13360-62 ਮਿਤੀ 18/10/2018 ਅਨੁਸਾਰ ਇਸ ਕਰਮਚਾਰੀ ਦੀ ਮਨਮਰਜੀ ਦਾ ਸਟੇਸ਼ਨ/ਬਲਾਕ ਨਕੋਦਰ-1 ਅਲਾਟ ਕਰ ਦਿੱਤਾ ਗਿਆ। ਜਿਸ ਦੇ ਸੰਨਮੁੱਖ ਇਸ ਕਰਮਚਾਰੀ ਤਰੱਕੀ ਉਪਰੰਤ ਬਤੌਰ ਬੀ.ਪੀ.ਈ.ਓ. ਹਾਜਰ ਹੋ ਗਿਆ।

ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਵਲੋਂ ਪੱਤਰ ਨੰਬਰ:- ਅ-3/2018/14057 ਮਿਤੀ 19/11/2018 ਅਨੁਸਾਰ ਵਿਸਥਾਰਪੂਰਵਕ ਸਥਿਤੀ ਲਿਖਤੀ ਰੂਪ ਵਿਚ ਸਪੱਸ਼ਟ ਕਰਦੇ ਹੋਏ ਮੁੱਖ ਦਫਤਰ ਦੇ ਧਿਆਨ ਵਿਚ ਲਿਆਂਦਾ ਕਿ ਜਿਲ੍ਹਾ ਜਲੰਧਰ ਵਿਖੇ ਕੰਮ ਕਰਦੇ ਕੁਝ ਸੈਂਟਰ ਹੈੱਡ ਟੀਚਰਾਂ ਨੇ ਉਹਨਾਂ ਦੇ ਧਿਆਨ ਵਿਚ ਟੈਲੀਫੂਨ ਰਾਹੀਂ ਲਿਆਂਦਾ ਕਿ ਉਹ ਸ਼੍ਰੀ ਗਿਆਨ ਚੰਦ ਨਾਲੋਂ ਸੀਨੀਅਰ ਹਨ। ਪਰ ਉਹਨਾਂ ਨਾਲੋਂ ਜੂਨੀਅਰ ਕਰਮਚਾਰੀ ਦੀ ਤਰੱਕੀ ਬਤੌਰ ਬਲਾਕ ਪ੍ਰਾਇਮਰੀ ਸਿਖਿਆ ਅਫਸਰ ਕਰਵਾ ਦਿੱਤੀ ਗਈ ਹੈ। ਇਸ ਦੇ ਸੰਨਮੁੱਖ ਉਹਨਾਂ ਵਲੋਂ ਦਫਤਰੀ ਰਿਕਾਰਡ ਦੀ ਮੁੜ ਘੋਖ ਕਰਨ ਤੇ ਇਹ ਧਿਆਨ ਵਿਚ ਲਿਆਂਦਾ ਕਿ ਸ਼੍ਰੀ ਗਿਆਨ ਚੰਦ ਦੀ ਸੈਂਟਰ ਹੈੱਡ ਟੀਚਰ ਦੀ ਪਦ ਉੱਨਤੀ ਉਪਰੰਤ ਹਾਜਰ ਹੋਣ ਦੀ ਅਸਲ ਮਿਤੀ 21/08/2015 ਹੈ ਜਦੋਂ ਕਿ ਇਕ ਹੋਰ ਗਿਆਨ ਚੰਦ ਜੋ ਕਿ ਪੁਰਾਣੀ ਸੀਨੀਆਰਤਾ ਸੂਚੀ ਅਨੁਸਾਰ ਇਸ ਵੇਲੇ ਰਿਟਾਇਰ ਹੋ ਚੁੱਕਾ ਹੈ ਅਤੇ ਉਸ ਦੀ ਸੈਂਟਰ ਹੈੱਡ ਟੀਚਰ ਦੀ ਅਸਾਮੀ ਵਿਰੁੱਧ ਹਾਜਰ ਹੋਣ ਦੀ ਮਿਤੀ 17/4/2015 ਸੀ। ਸੀਨੀਆਰਤਾ ਸੂਚੀ ਤਿਆਰ ਕਰਦੇ ਸਮੇਂ ਕੰਪਿਊਟਰ ਤੇ ਡਾਟਾ ਸੋਧਣ ਸਮੇਂ ਉਹਨਾਂ ਤੋਂ ਗਲਤੀ ਨਾਲ ਰਿਟਾਇਰਡ ਗਿਆਨ ਚੰਦ ਦੀ ਸੈਂਟਰ ਹੈੱਡ ਟੀਚਰ ਦੀ ਹਾਜਰ ਹੋਣ ਦੀ ਮਿਤੀ 17/4/2015 ਚੁੱਕ ਲਈ ਗਈ। ਜਿਸ ਕਰਕੇ ਕੰਮ ਕਰਦੇ ਸ਼੍ਰੀ ਗਿਆਨ ਚੰਦ ਨੂੰ ਸੀਨੀਆਰਤਾ ਨੰਬਰ:-03 ਅਲਾਟ ਹੋ ਗਿਆ। ਜਦੋਂ ਕਿ ਉਸ ਦੀ ਅਸਲ ਵਿਚ ਸੈਂਟਰ ਹੈੱਡ ਟੀਚਰ ਦੀ ਅਸਾਮੀ ਵਿਰੁੱਧ ਤਰੱਕੀ ਉਪਰੰਤ ਹਾਜਰ ਹੋਣ ਦੀ ਮਿਤੀ

ਫ. 22/11/18

**ਚਲਦਾ ਪੰਨਾਂ....2**

21/08/2015 ਸੀ। ਜਿਸ ਕਰਕੇ ਉਸ ਦਾ ਸੀਨੀਆਰਤਾ ਨੰਬਰ:- 27 ਏ ਅਲਾਟ ਬਣਦਾ ਹੈ।

ਉਪਰੋਕਤ ਅਨੁਸਾਰ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਵਲੋਂ ਇਸ ਦਫਤਰ ਨੂੰ ਪੱਤਰ ਨੰਬਰ:-ਅ-3/2018/14057 ਮਿਤੀ 19/11/2018 ਅਨੁਸਾਰ ਪੇਸ਼ ਕੀਤੀ ਗਈ ਤਜਵੀਜ ਵਾਚਣ ਤੇ ਇਹ ਪਾਇਆ ਗਿਆ ਹੈ ਕਿ ਸ਼੍ਰੀ ਗਿਆਨ ਚੰਦ, ਸੈਂਟਰ ਹੈੱਡ ਟੀਚਰ, ਸ:ਐ:ਸ: ਮਾਣਕ ਰਾਏ, ਬਲਾਕ ਅਲਾਵਲਪੁਰ (ਜਲੰਧਰ) ਦਾ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਵਲੋਂ ਪੇਸ਼ ਕੀਤੀ ਗਈ ਸੀਨੀਆਰਤਾ ਸੂਚੀ ਅਨੁਸਾਰ ਸੀਨੀਆਰਤਾ ਨੰਬਰ:- 27 ਏ ਬਣਦਾ ਹੈ। ਅਤੇ ਇਸ ਨਾਲੋਂ ਹੋਰ ਸੈਂਟਰ ਹੈੱਡ ਟੀਚਰ ਮੌਜੂਦ ਹਨ ਜਿਹੜੇ ਕਿ ਸੀਨੀਆਰਤਾ ਵਿਚ ਇਸ ਨਾਲੋਂ ਸੀਨੀਅਰ ਹਨ। ਇਸ ਤਰ੍ਹਾਂ ਇਸ ਕਰਮਚਾਰੀ ਦੀ ਤਰੱਕੀ ਬਤੌਰ ਬੀ.ਪੀ.ਈ.ਓ. ਗਲਤੀ ਨਾਲ ਹੋ ਗਈ ਹੈ।

ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਵਲੋਂ ਪੇਸ਼ ਕੀਤੀ ਗਈ ਤਜਵੀਜ ਨੂੰ ਮੁੜ ਤੱਥਾਂ/ਰਿਕਾਰਡ ਦੇ ਅਧਾਰ ਤੇ ਘੋਖਣ ਉਪਰੰਤ ਸ਼੍ਰੀ ਗਿਆਨ ਚੰਦ, ਬੀ.ਪੀ.ਈ.ਓ. ਨਕੋਦਰ-1 (ਜਲੰਧਰ) ਨੂੰ ਤਰੱਕੀ ਦੀ ਮਿਤੀ ਤੋਂ ਸੈਂਟਰ ਹੈੱਡ ਟੀਚਰ ਦੀ ਅਸਾਮੀ ਤੇ ਰਿਵਰਟ ਕੀਤਾ ਜਾਂਦਾ ਹੈ। ਇਸ ਕਰਮਚਾਰੀ ਦੀ ਬਤੌਰ ਸੈਂਟਰ ਹੈੱਡ ਟੀਚਰ ਤੈਨਾਤੀ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਸਮਰੱਥ ਅਧਿਕਾਰੀ ਹੋਣ ਦੇ ਨਾਤੇ ਆਪਣੇ ਪੱਧਰ ਤੇ ਕਰਨਗੇ।

**ਇੰਦਰਜੀਤ ਸਿੰਘ**

**ਡਾਇਰੈਕਟਰ ਸਿਖਿਆ ਵਿਭਾਗ (ਐ:ਸਿ:) ਪੰਜਾਬ**

**ਪਿੱਠ ਅੰਕਣ ਨੰਬਰ:-ਉਕਤ** 7895 **ਮਿਤੀ ਐਸ.ਏ.ਐਸ. ਨਗਰ:-22/11/2018**

ਉਤਾਰਾ ਹੇਠ ਲਿਖਿਆ ਨੂੰ ਸੂਚਨਾਂ ਅਤੇ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ ਨੂੰ ਉਹਨਾਂ ਦੇ ਪੱਤਰ ਨੰਬਰ:-ਅ-3/2018/14057 ਮਿਤੀ 19/11/2018 ਦੇ ਹਵਾਲੇ ਵਿਚ।
2. ਮਹਾਂ ਲੇਖਾਕਾਰ,ਪੰਜਾਬ, ਚੰਡੀਗੜ੍ਹ।
3. ਜਿਲ੍ਹਾ ਖਜਾਨਾ ਅਫਸਰ, ਜਲੰਧਰ।
4. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਨਕੋਦਰ-1 (ਜਲੰਧਰ)।
5. ਬਲਾਕ ਪ੍ਰਾਇਮਰੀ ਸਿਖਿਆ ਅਫਸਰ, ਅਲਾਵਲਪੁਰ (ਜਲੰਧਰ)।
6. ਸ਼੍ਰੀ ਗਿਆਨ ਚੰਦ, ਸੈਂਟਰ ਹੈੱਡ ਟੀਚਰ, ਮਾਰਫਤ ਜਿਲ੍ਹਾ ਸਿਖਿਆ ਅਫਸਰ (ਐ:ਸਿ:) ਜਲੰਧਰ।
7. ਐਮ.ਆਈ.ਐਸ. ਵਿੰਗ ਦਫਤਰ ਸਰਵ ਸਿਖਿਆ ਅਭਿਆਨ ਅਥਾਰਟੀ,ਪੰਜਾਬ, ਐਸ.ਏ.ਐਸ. ਨਗਰ ਨੂੰ ਵਿਭਾਗ ਦੀ ਸਾਈਟ ਦੇ ਅਪ ਲੋਡ ਕਰਨ ਲਈ।

22/11/18

**ਡਿਪਟੀ ਡਾਇਰੈਕਟਰ (ਅਮਲਾ)**